# Meeting of EAM with the Chinese Foreign Minister

September 11, 2020

# ਚੀਨੀ ਵਿਦੇਸ਼ ਮੰਤਰੀ ਨਾਲ ਹੋਈ ਵਿਦੇਸ਼ ਮੰਤਰੀ ਦੀ ਮੀਟਿੰਗ

11 ਸਤੰਬਰ, 2020

1. ਵਿਦੇਸ਼ ਮੰਤਰੀ (EAM) ਨੇ 10 ਸਤੰਬਰ, 2020 ਨੂੰ ਮਾਸਕੋ ਵਿਚ ਚੀਨੀ ਸਟੇਟ ਕੌਂਸਲਰ ਅਤੇ ਵਿਦੇਸ਼ ਮੰਤਰੀ ਵੈਂਗ ਯੀ ਨਾਲ ਭਾਰਤ-ਚੀਨ ਸਰਹੱਦੀ ਖੇਤਰਾਂ ਵਿਚ ਮੌਜੂਦਾ ਤਣਾਅ ਬਾਰੇ ਵਿਸਥਾਰ ਨਾਲ ਗੱਲਬਾਤ ਕੀਤੀ। ਇਹ ਮੀਟਿੰਗ ਢਾਈ ਘੰਟੇ ਤੱਕ ਜਾਰੀ ਰਹੀ।

2. ਵਿਦੇਸ਼ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ 1976 ਵਿਚ ਰਾਜਦੂਤ ਦੇ ਪੱਧਰ 'ਤੇ ਸਬੰਧਾਂ ਦੀ ਮੁੜ ਸ਼ੁਰੂਆਤ ਅਤੇ 1981 ਤੋਂ ਹੋਈ ਸਰਹੱਦੀ  ਗੱਲਬਾਤ ਤੋਂ ਬਾਅਦ ਭਾਰਤ-ਚੀਨ ਸੰਬੰਧ ਮੋਟੇ ਤੌਰ 'ਤੇ  ਸਕਾਰਾਤਮਕ ਰਾਹ 'ਤੇ ਅੱਗੇ ਵਧੇ ਹਨ। ਹਾਲਾਂਕਿ ਸਮੇਂ-ਸਮੇਂ ਤੇ ਕੁਝ ਘਟਨਾਵਾਂ ਹੁੰਦੀਆਂ ਰਹੀਆਂ ਹਨ, ਪਰੰਤੂ ਸਰਹੱਦੀ ਇਲਾਕਿਆਂ ਵਿਚ ਮੋਟੇ ਤੌਰ 'ਤੇ ਅਮਨ ਅਤੇ ਸ਼ਾਂਤੀ ਕਾਇਮ ਰਹੀ ਹੈ। ਇਸਦੇ ਨਤੀਜੇ ਵਜੋਂ ਭਾਰਤ-ਚੀਨ ਭਾਈਵਾਲੀ ਵੀ ਵਿਆਪਕ ਖੇਤਰਾਂ ਵਿਚ ਵਿਕਸਤ ਹੋਈ ਹੈ, ਜਿਸ ਨਾਲ ਇਹ ਸੰਬੰਧ  ਹੋਰ ਮਜ਼ਬੂਤ ਹੋਏ ਹਨ। ਜਿਥੇ ਇੱਕ ਪਾਸੇ ਭਾਰਤੀ ਪੱਖ ਨੇ ਇਹ ਗੱਲ ਮੰਨ ਲਈ ਕਿ ਸਰਹੱਦੀ ਮਸਲੇ ਦੇ ਹੱਲ ਲਈ ਸਮੇਂ ਅਤੇ ਮਿਹਨਤ ਲੋੜੀਂਦੀ ਹੈ, ਉੱਥੇ ਇਹ ਵੀ ਸਾਫ ਸੀ ਕਿ ਸਰਹੱਦੀ ਖੇਤਰਾਂ ਵਿਚ ਅਮਨ ਅਤੇ ਸ਼ਾਂਤੀ ਬਣਾਈ ਰੱਖਣਾ ਸੰਬੰਧਾਂ ਦੇ ਅੱਗੇ ਵਧਣ ਲਈ ਜ਼ਰੂਰੀ ਹੈ। ਪਰੰਤੂ ਪੂਰਬੀ ਲੱਦਾਖ ਵਿਚ  ਹੋਈਆਂ  ਤਾਜ਼ਾ ਘਟਨਾਵਾਂ ਨੇ ਦੁਵੱਲੇ ਸੰਬੰਧਾਂ ਦੇ ਵਿਕਾਸ ਨੂੰ ਪ੍ਰਭਾਵਤ ਕੀਤਾ।  ਇਸ ਲਈ ਮੌਜੂਦਾ ਹਾਲਾਤ ਦਾ ਫੌਰੀ ਹਲ ਕੱਢਣਾ ਦੋਵਾਂ ਦੇਸ਼ਾਂ ਦੇ ਹਿਤ ਵਿਚ ਸੀ।

3. ਇਸ ਬੈਠਕ ਵਿਚ ਭਾਰਤੀ ਪੱਖ ਨੇ ਅਸਲ ਕੰਟਰੋਲ ਰੇਖਾ (LAC) ਉੱਤੇ ਸਾਜ਼ੋ ਸਾਮਾਨ ਨਾਲ ਲੈਸ ਚੀਨੀ ਫੌਜਾਂ ਦੇ ਇਕੱਠੇ ਹੋਣ 'ਤੇ ਆਪਣੀ ਡੂੰਘੀ ਚਿੰਤਾ ਉਜਾਗਰ ਕੀਤੀ। ਇੰਨੀ ਵੱਡੀ ਸੰਖਿਆ ਵਿਚ ਫੌਜਾਂ ਦੀ ਮੌਜੂਦਗੀ 1993 ਅਤੇ 1996 ਦੇ ਸਮਝੌਤਿਆਂ ਦੀ ਉਲੰਘਣਾ ਹੈ ਅਤੇ ਇਸ ਨਾਲ ਅਸਲ ਕੰਟਰੋਲ ਰੇਖਾ 'ਤੇ ਤਣਾਅ ਬਿੰਦੂ ਪੈਦਾ ਹੋਏ. ਚੀਨੀ ਪੱਖ ਨੇ ਇਸ ਤਾਇਨਾਤੀ ਲਈ ਕੋਈ ਭਰੋਸੇਯੋਗ ਸਪਸ਼ਟੀਕਰਨ ਨਹੀਂ ਦਿੱਤਾ ਹੈ। ਅਸਲ ਕੰਟਰੋਲ ਰੇਖਾ ਉੱਤੇ ਟਕਰਾਅ ਦੇ ਬਿੰਦੂਆਂ ਉੱਪਰ ਚੀਨੀ ਫ੍ਰੰਟਲਾਇਨ ਫੌਜੀਆਂ ਦੇ ਭੜਕਾਉ ਵਿਹਾਰ ਤੋਂ ਵੀ ਦੁਵੱਲੇ ਸਮਝੌਤਿਆਂ ਅਤੇ ਪ੍ਰੋਟੋਕੋਲ ਦੀ ਅਣਦੇਖੀ ਜ਼ਾਹਰ ਹੁੰਦੀ ਹੈ। ਭਾਰਤੀ ਪੱਖ ਨੇ ਇਹ ਗੱਲ ਸਪੱਸ਼ਟ ਕੀਤੀ ਕਿ ਉਹ ਸਰਹੱਦੀ ਖੇਤਰਾਂ ਦੇ ਪ੍ਰਬੰਧਨ ਬਾਰੇ ਸਾਰੇ ਸਮਝੌਤਿਆਂ ਦੀ ਪੂਰਨ ਪਾਲਣਾ ਦੀ ਆਸ ਰੱਖਦਾ ਹੈ ਅਤੇ ਮੌਜੂਦਾ ਹਾਲਾਤ ਨੂੰ ਇਕਤਰਫਾ ਤੌਰ ਤੇ ਬਦਲਣ ਦੀ ਕੋਈ ਕੋਸ਼ਿਸ਼ ਬਰਦਾਸ਼ਤ ਨਹੀਂ ਕਰੇਗਾ। ਇਸ ਗੱਲ 'ਤੇ ਵੀ ਜ਼ੋਰ ਦਿੱਤਾ ਗਿਆ ਕਿ ਭਾਰਤੀ ਫੌਜੀਆਂ ਨੇ ਸਰਹੱਦੀ ਖੇਤਰਾਂ ਦੇ ਪ੍ਰਬੰਧਨ ਨਾਲ ਜੁੜੇ ਸਾਰੇ ਸਮਝੌਤਿਆਂ ਅਤੇ ਪ੍ਰੋਟੋਕਾਲਾਂ ਦੀ ਪੂਰੀ ਇਮਾਨਦਾਰੀ ਨਾਲ ਪਾਲਣਾ ਕੀਤੀ ਸੀ।

4. ਫੌਰੀ ਤੌਰ 'ਤੇ ਕੀਤੇ ਜਾਣ ਵਾਲਾ ਕੰਮ ਹੈ ਤਣਾਅ ਵਾਲੇ ਸਾਰੇ ਖੇਤਰਾਂ ਵਿਚੋਂ ਫੌਜਾਂ ਦੀ ਵਿਆਪਕ ਡਿਸਇੰਗੇਜਮੈਂਟ ਨੂੰ ਯਕੀਨੀ ਬਣਾਉਣਾ। ਭਵਿੱਖ ਵਿੱਚ ਕਿਸੇ ਅਣਸੁਖਾਵੀਂ ਘਟਨਾ ਦੀ ਰੋਕਥਾਮ ਲਈ ਇਹ ਗੱਲ ਜ਼ਰੂਰੀ ਹੈ। ਫੌਜੀਆਂ ਨੂੰ ਉਨ੍ਹਾਂ ਦੀ ਸਥਾਈ ਜਗ੍ਹਾ 'ਤੇ ਤਾਇਨਾਤ ਕਰਨ ਅਤੇ ਇਸ ਪ੍ਰਕਿਰਿਆ ਨਾਲ ਜੁੜਿਆ ਸਮੇਂ ਸੰਬੰਧੀ ਕੰਮ ਮਿਲਟਰੀ ਕਮਾਂਡਰਾਂ ਦੁਆਰਾ ਕੀਤਾ ਜਾਣਾ ਹੈ।

5. ਆਪਣੀ ਗੱਲਬਾਤ ਦੇ ਅਖ਼ੀਰ ਵਿਚ ਦੋਨਾਂ ਮੰਤਰੀਆਂ ਨੇ ਪੰਜ ਮੁੱਦਿਆਂ 'ਤੇ ਇਕ ਸਮਝੌਤਾ ਕੀਤਾ ਜੋ ਮੌਜੂਦਾ ਹਾਲਾਤ ਪ੍ਰਤੀ ਉਨ੍ਹਾਂ ਦੇ ਨਜ਼ਰੀਏ ਨੂੰ ਸੇਧ ਦੇਵੇਗਾ।

ਨਵੀਂ ਦਿੱਲੀ
11 ਸਤੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.